ਪੰਜਾਬ ਸਰਕਾਰ,
ਹੋਮਿਓਪੈਥਿਕ ਵਿਭਾਗ, ਪੰਜਾਬ,
ਮਾਰਫਤ ਫੂਡ ਡਰਗੱਜ਼ ਅਤੇ ਆਬਕਾਰੀ ਲੈਬੋਰੇਟਰੀ ਪ੍ਰਯੋਗਸ਼ਾਲਾ ਬਿਲਡਿੰਗ,
ਦੂਜੀ ਮੰਜਿਲ, ਸੈਕਟਰ 11-ਡੀ, ਚੰਡੀਗੜ੍ਹ।
ਈ-ਮੇਲ: **dir.homeo@gov.in**
ਫੋਨ ਅਤੇ ਫੈਕਸ਼ ਨੰ: 0172-2744777

ਵੱਲ,

ਰਜਿ:/ ਈ-ਮੇਲ : ਉਮੀਦਵਾਰਾਂ ਦੇ ਨਾਂ ਤੇ,
(ਨੱਥੀ ਲਿਸਟ ਅਨੁਸਾਰ ਕੁੱਲ 36 ਉਮੀਦਵਾਰ)

ਨੰ: 2/21/2016-1ਹ/
ਮਿਤੀ: ਜੁਲਾਈ, 2018

ਵਿਸ਼ਾ: ਪੀ.ਪੀ.ਐਸ.ਸੀ., ਪਟਿਆਲਾ ਰਾਹੀਂ ਨਵੇਂ ਨਿਯੁਕਤ ਕਰਨ ਵਾਲੇ 36 ਹੋਮਿਓਪੈਥਿਕ ਮੈਡੀਕਲ ਅਫਸਰਾਂ ਨੂੰ ਮਿਤੀ 12.07.2018 ਨੂੰ ਨਿਯੁਕਤੀ ਪੱਤਰ ਜਾਰੀ ਕਰਨ ਸਬੰਧੀ।

*****

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-7 ਸ਼ਾਖਾ) ਦੇ ਮੀਮੋ ਨੰ: 2/2/16-2ਸਿ7/714, ਮਿਤੀ 06.07.2018 ਦੇ ਹਵਾਲੇ ਵਿੱਚ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਪੀ.ਪੀ.ਐਸ.ਸੀ., ਪਟਿਆਲਾ ਰਾਹੀਂ ਨਵੇਂ ਨਿਯੁਕਤ ਕਰਨ ਵਾਲੇ 36 ਹੋਮਿਓਪੈਥਿਕ ਮੈਡੀਕਲ ਅਫਸਰਾਂ (ਨਾਲ ਨੱਥੀ ਲਿਸਟ ਅਨੁਸਾਰ) ਨੂੰ **ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੀ ਦੇ ਦਫਤਰੀ ਕਮਰਾ ਨੰ: 38, ਛੇਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਵਿਖੇ ਮਿਤੀ 12.07.2018 ਨੂੰ 11:00 ਵਜੇ ਸਵੇਰੇ** ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਇਸ ਲਈ ਨਿਸ਼ਚਿਤ ਮਿਤੀ ਅਤੇ ਸਥਾਨ ਤੇ ਸਮੇਂ ਸਿਰ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ।

3. ਉਕਤ ਦੇ ਸਬੰਧ ਵਿੱਚ ਇਹ ਵੀ ਸੂਚਿਤ ਕੀਤਾ ਜਾਂਦਾ ਹੈ, ਕਿ ਮਿਤੀ 12.07.2018 ਨੂੰ ਆਪਣੇ ਨਾਲ ਐਡਮਿਟ ਕਾਰਡ ਅਤੇ ਕਿਸੇ ਇੱਕ ਆਈ.ਡੀ. ਪਰੂਫ ਦੀਆਂ ਅਸਲ ਅਤੇ ਸੈਲਫ ਅਟੈਸ਼ਟਡ ਫੋਟੋ ਕਾਪੀਆਂ ਨਾਲ ਲਿਆਉਣਾ ਵੀ ਯਕੀਨੀ ਬਣਾਇਆ ਜਾਵੇ। ਜਿਥੋਂ ਤੱਕ ਸੰਭਵ ਹੋ ਸਕੇ ਆਈ.ਡੀ. ਪਰੂਫ ਵਜੋਂ ਆਪਣਾ ਅਧਾਰ ਕਾਰਡ ਨਾਲ ਲਿਆਉਣਾ ਯਕੀਨੀ ਬਣਾਇਆ ਜਾਵੇ, ਤਾਂ ਜ਼ੋ ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਵਿਖੇ ਐਂਟਰੀ ਪਾਸ ਆਦਿ ਬਨਵਾਉਣ ਵਿੱਚ ਵੀ ਕੋਈ ਦਿੱਕਤ ਪੇਸ਼ ਨਾ ਆਵੇ।

4. ਉਕਤ ਆਪ ਦੀ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਪੇਸ਼ ਹੈ।

ਨੱਥੀ: ਉਕਤ ਅਨੁਸਾਰ।

(ਬੀ. ਸ੍ਰੀਨਿਵਾਸਨ)
ਮੁੱਖੀ ਹੋਮਿਓਪੈਥਿਕ ਵਿਭਾਗ, ਪੰਜਾਬ।

ਨੰ: 2/21/2016-1ਹ/3646-3649 ਮਿਤੀ: 06 ਜੁਲਾਈ, 2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਨਿੱਜੀ ਸਕੱਤਰ/ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ।
2. ਮਾਨਯੋਗ ਵਧੀਕ ਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-7 ਸ਼ਾਖਾ)।
3. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਸ਼ਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ, ਕਿ ਇਸ ਨੋਟਿਸ ਨੂੰ ਜਲਦੀ ਤੋਂ ਜਲਦੀ ਆਪਣੇ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਸੈਕਟਰ-34, ਚੰਡੀਗੜ੍ਹ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ, ਕਿ ਇਸ ਨੋਟਿਸ ਨੂੰ ਜਲਦੀ ਤੋਂ ਜਲਦੀ ਆਪਣੇ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

(ਬੀ. ਸ੍ਰੀਨਿਵਾਸਨ)
ਮੁੱਖੀ ਹੋਮਿਓਪੈਥਿਕ ਵਿਭਾਗ, ਪੰਜਾਬ।
6/7/18